39.77 ਲੱਖ ਪਾਠਕ (IRS 2019) JAGBANI LUDHIANA

ਜਗ ਬਾਣੀ

Tuesday, 28 February, 2023

ਪਟਿਆਲਾ ਬਾਣੀ

# ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਨੁੱਕੜ ਨਾਟਕ ਪੇਸ਼

ਪਟਿਆਲਾ, 27 ਫਰਵਰੀ (ਰਾਜੇਸ਼ ਪੰਜੌਲਾ)- ਜ਼ਿਲਾ ਪ੍ਰਸ਼ਾਸਨ ਵੱਲੋਂ ਰੰਗਲਾ ਪੰਜਾਬ ਤਹਿਤ ਸ਼ੀਸ਼ ਮਹਿਲ ਵਿਖੇ ਸ਼ੁਰੂ ਕੀਤੇ ਕਰਾਫਟ ਮੇਲੇ 'ਚ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਵੱਲੋਂ ਸਮਾਜ-ਸੇਵੀ ਸੰਸਥਾਵਾਂ ਯੂਥ ਫੈੱਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦੇ ਕਮਿਊਨਿਟੀ ਲੀਗਲ ਏਡ ਦੇ ਵਿਦਿਆਰਥੀਆਂ ਵੱਲੋਂ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਏ ਨਸ਼ਾ-ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਦੇ ਰੰਗਲਾ ਪੰਜਾਬ ਮੁਹਿੰਮ ਤਹਿਤ ਨਸ਼ਿਆਂ ਵਿਰੋਧੀ ਨੁੱਕੜ ਨਾਟਕ ਪੇਸ਼ ਕੀਤਾ ਗਿਆ, ਜਿਸ 'ਚ ਮੁੱਖ ਮਹਿਮਾਨ ਏ. ਡੀ. ਸੀ. ਡਿਵੈਲਪਮੈਂਟ ਈਸ਼ਾ ਸਿੰਘਲ ਨੇ ਸ਼ਿਰਕਤ ਕੀਤੀ।



ਨੁੱਕੜ ਨਾਟਕ ਦੀ ਟੀਮ ਨਾਲ ਏ. ਡੀ. ਸੀ. ਡਿਵੈਲਪਮੈਂਟ ਈਸ਼ਾ ਸਿੰਘਲ, ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ। (ਸੁੰਦਰ)

ਇਸ ਮੌਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਸਰਕਾਰੀ ਆਈ. ਟੀ. ਆਈ. ਲੜਕੇ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ, ਵਿਨੇ ਸ਼ਰਮਾ ਤੋਂ ਇਲਾਵਾ ਹਰਪ੍ਰਤਾਪ, ਵਾਨਿਸ਼ਕਾ, ਪ੍ਰਮਿਤੀ, ਸ਼ਿਤਿਜ, ਰਸਲੀਨ, ਆਵੀਰਲ, ਗਰਿਮਾ, ਮਾਣਿਆ, ਮਾਨੁਸ਼ੀ, ਦਰਸ਼ਨਾ, ਪਰਗਿਆ ਸਾਰੇ ਵਿਦਿਆਰਥੀ ਲੀਗਲ ਏਡ ਨੇ ਨਸ਼ਿਆਂ ਵਿਰੁੱਧ ਨੁੱਕੜ ਨਾਟਕ ਪੇਸ਼ ਕੀਤਾ।

ਇਸ ਦੌਰਾਨ ਸੰਬੋਧਨ ਕਰਦਿਆਂ ਏ. ਡੀ. ਸੀ. ਡਿਵੈਲਪਮੈਂਟ ਈਸ਼ਾ ਸਿੰਘਲ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ 'ਚ ਸਮਾਜ-ਸੇਵੀ ਸੰਸਥਾਵਾਂ ਯੂਥ ਫੈੱਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਸਹਿਯੋਗ ਦੇਣਾ ਸ਼ਲਾਘਾਯੋਗ ਹੈ। ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦੇ ਕਮਿਊਨਿਟੀ ਲੀਗਲ ਏਡ ਦੇ ਵਿਦਿਆਰਥੀਆਂ ਵੱਲੋਂ ਨੁੱਕੜ ਨਾਟਕ ਪੇਸ਼ ਕਰ ਕੇ ਪਬਲਿਕ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣਾ ਸ਼ਲਾਘਾਯੋਗ ਉਪਰਾਲਾ ਹੈ।

ਉਨ੍ਹਾਂ ਕਿਹਾ ਕਿ ਕਿਸ਼ੋਰ ਅਵਸਥਾ ਵਿਚ ਬੱਚੇ ਨਸ਼ਿਆਂ ਦੀ ਦਲਦਲ 'ਚ ਫਸ ਕੇ ਆਪਣਾ ਭਵਿੱਖ ਖਰਾਬ ਕਰ ਰਹੇ ਹਨ, ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਵੱਖ-ਵੱਖ ਸਕੂਲਾਂ ਅਤੇ ਕਾਲਜਾਂ 'ਚ ਜਾ ਕੇ ਵੀ ਨੁੱਕੜ ਨਾਟਕਾਂ ਰਾਹੀਂ ਨੌਜਵਾਨਾਂ ਜਾਗਰੂਕ ਕਰਨ।

भारत में 1.17 करोड़ से अधिक पाठक (IRS 2019) PUNJAB KESARI LUDHIANA
पंजाब केसरी

मंगलवार TUESDAY 28 फरवरी 2023 पटियाला केसरी

# विद्यार्थियों की ओर से नशों के विरुद्ध जागरूकता नुक्कड़ नाटक पेश करना सराहनीय : ए.डी.सी. डिवैल्पमैंट ईशा सिंघल

पटियाला, 27 फरवरी (राजेश पंजौला) : जिला प्रशासन की तरफ से रंगीन पंजाब के अंतर्गत शीश महल में शुरू किए क्राफ्ट मेलों में राजीव गांधी नैशनल यूनिवर्सिटी ऑफ लॉ की तरफ से समाज सेवी संस्थाओं यूथ फैडरेशन ऑफ इंडिया, शक्ति हाऊस यूथ क्लब के सहयोग के साथ राजीव गांधी नैशनल यूनिवर्सिटी आफ लॉ के कम्युनिटी लीगल एड के विद्यार्थियों की तरफ से सामाजिक न्याय और सशक्तिकरण मंत्रालय भारत सरकार की तरफ से शुरू की गए नशा मुक्त भारत अभियान और पंजाब सरकार के रंगीन पंजाब मुहिम के अंतर्गत नशों विरोधी नुक्कड़ नाटक पेश किया गया। इसमें मुख्य मेहमान ए.डी.सी. डिवैल्पमैंट ईशा सिंघल ने भाग लिया।



*राजीव गांधी नेशनल यूनिवर्सिटी आफ लॉ के विद्यार्थियों की तरफ से पेश किए जा रहे नुक्कड़ नाटक की टीम के साथ ए.डी.सी. डिवैल्पमैंट ईशा सिंघल, स्टेट अवार्डी परमिन्दर बलवान, जतविन्दर ग्रेवाल और अन्य। (सुंदर)*

इस मौके शहीद-ए-आजम सरदार भगत सिंह राज युवा पुरुस्कार विजेता परमिन्दर बलवान मैंबर नशा मुक्त भारत अभियान, गवर्नर अवार्डी जतविन्दर ग्रेवाल मैंबर नशा मुक्त भारत अभियान, लैफ्टिनैंट जगदीप सिंह जोशी सरकारी आई.टी.आई. लड़के, स्टेट अवार्डी रुपिन्दर कौर, रुद्रप्रताप सिंह, विने शर्मा के अलावा हरप्रताप, वानिशका, प्रमिति, शितिज, रसलीन, आवीरल, गरिमा, माना, मानुषी, दर्शना, प्रज्ञा सभी विद्यार्थी लीगल एड ने नशों के विरुद्ध नुक्कड़ नाटक पेश किया।

ए.डी.सी. डिवैल्पमेंट ईशा सिंघल ने कहा कि नशों विरुद्ध जागरूकता कार्यक्रमों में समाज सेवीं संस्थाओं यूथ फैडरेशन ऑफ इंडिया और पॉवर हाऊस यूथ क्लब की तरफ से सहयोग देना सराहनीय है।

ਸਰਕਾਰ ਵੱਲੋਂ ਟਿਕਾਊ ਵਿਕਾਸ ਟੀਚਿਆਂ ਦੇ ਸਥਾਈਕਰਨ ਦੇ 17

ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

# ਕਮਿਊਨਿਟੀ ਲੀਗਲ ਏਡ ਦੇ ਵਿਦਿਆਰਥੀ ਨਸ਼ਿਆਂ ਵਿਰੁੱਧ ਪਬਲਿਕ ਨੂੰ ਕਰਨਗੇ ਜਾਗਰੂਕ : ਡਾ ਅਭਿਨੰਦਨ ਬਾਸੀ




*ਪ੍ਰੋਗਰਾਮ ਦੌਰਾਨ ਡਾ. ਅਭਿਨੰਦਨ ਬਾਸੀ ਅਸਿਸਟੈਂਟ ਪ੍ਰੋਫੈਸਰ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ, ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ।* (ਸੁੰਦਰ)

ਪਟਿਆਲਾ, 7 ਫਰਵਰੀ (ਰਾਜੇਸ਼ ਪੰਜੌਲਾ)- ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦੇ ਵਾਈਸ ਚਾਂਸਲਰ ਪ੍ਰੋਫੈਸਰ ਜੀ.ਐੱਸ.ਬਾਜਪਾਈ ਦੀ ਸਰਪ੍ਰਸਤੀ ਹੇਠ ਸਮਾਜ-ਸੇਵੀ ਸੰਸਥਾਵਾਂ ਯੂਥ ਫੈੱਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਵੱਲੋਂ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦੇ ਕਮਿਊਨਿਟੀ ਲੀਗਲ ਏਡ ਦੇ ਸਹਿਯੋਗ ਨਾਲ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਏ ਨਸ਼ਾ-ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੋਧੀ ਸੈਮੀਨਾਰ ਦਾ ਆਯੋਜਨ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਵਿਖੇ ਕੀਤਾ ਗਿਆ।

ਇਸ 'ਚ ਮੁੱਖ ਮਹਿਮਾਨ ਡਾ. ਅਭਿਨੰਦਨ ਬਾਸੀ ਐਸਿਟੈਂਟ ਪ੍ਰੋਫੈਸਰ ਇੰਚਾਰਜ ਕਮਿਊਨਿਟੀ ਲੀਗਲ ਏਡ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਨੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ-ਮੁਕਤ ਭਾਰਤ ਅਭਿਆਨ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਤੋਂ ਇਲਾਵਾ ਹਰਪ੍ਰਤਾਪ, ਆਦਿਤੀ, ਪ੍ਰਨਵ, ਇਸ਼ਿਤਾ, ਵਾਨਿਸ਼ਕਾ, ਕ੍ਰਿਤੀ, ਅਭਿਨਵ, ਪ੍ਰਮੀਤੀ, ਖਾਇਤੀ, ਖ਼ੁਸਾ, ਗੁਰਮਿੰਦਰ, ਕਾਰਤਿਕ ਤਿਆਗੀ, ਸ਼ਾਂਤਨੂ, ਪਾਇਲ ਸਿੰਘ, ਮੇਘਾ ਗੁਪਤਾ, ਰਸਲੀਨ ਕੌਰ, ਕਾਸਨੀ, ਨਾਸ਼ਿਤਾ, ਕਾਰਵੀ. ਪ੍ਰਮਿਆ. ਸ਼ੇਆ ਸਹਿਗਲ ਸਾਰੇ ਵਿਦਿਆਰਥੀ ਲੀਗਲ ਏਡ ਨੇ ਵੀ ਸ਼ਿਰਕਤ ਕੀਤੀ।

ਇਸ ਮੌਕੇ ਸੰਬੋਧਨ ਅਸਿਟੈਂਟ ਪ੍ਰੋਫੈਸਰ ਡਾ. ਅਭਿਨੰਦਨ ਬਾਸੀ ਇੰਚਾਰਜ ਕਮਿਊਨਿਟੀ ਲੀਗਲ ਏਡ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ 'ਚ ਸਮਾਜ-ਸੇਵੀ ਸੰਸਥਾਵਾਂ ਯੂਥ ਫੈੱਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਸਹਿਯੋਗ ਦੇਣਾ ਸ਼ਲਾਘਾਯੋਗ ਹੈ। ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦੇ ਕਮਿਊਨਿਟੀ ਲੀਗਲ ਏਡ ਦੇ ਵਿਦਿਆਰਥੀ ਵਾਈਸ ਚਾਂਸਲਰ ਪ੍ਰੋਫੈਸਰ ਜੀ.ਐੱਸ.ਬਾਜਪਾਈ ਜੀ ਦੀ ਸਰਪ੍ਰਸਤੀ ਹੇਠ ਪਿੰਡਾਂ 'ਚ ਜਾ ਕੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਗੇ। ਉਨ੍ਹਾਂ ਕਿਹਾ ਕਿ ਕਿਸ਼ੋਰ ਅਵਸਥਾ 'ਚ ਬੱਚੇ ਨਸ਼ਿਆਂ ਦੀ ਦਲ-ਦਲ 'ਚ ਫਸ ਕੇ ਆਪਣਾ ਭਵਿੱਖ ਖਰਾਬ ਕਰ ਰਹੇ ਹਨ, ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਅੱਜ ਪੰਜਾਬ 'ਚ ਛੋਟੇ-ਛੋਟੇ ਬੱਚੇ ਵੀ ਨਸ਼ੇ ਦੀ ਗ੍ਰਿਫਤ 'ਚ ਫਸ ਰਹੇ ਹਨ। ਇਸ ਲਈ ਲੀਗਲ ਏਡ ਦੇ ਵਿਦਿਆਰਥੀ ਸਕੂਲਾਂ, ਪਿੰਡ ਦੀਆਂ ਸੱਥਾਂ, ਕਾਲਜਾ 'ਚ ਜਾ ਕੇ ਸੈਮੀਨਾਰ, ਨੁੱਕੜ ਮੀਟਿੰਗਾਂ ਅਤੇ ਨੁੱਕੜ ਨਾਟਕਾਂ ਰਾਹੀਂ ਪਬਲਿਕ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਗੇ।

ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਨਸ਼ਾ-ਮੁਕਤ ਭਾਰਤ ਅਭਿਆਨ ਤਹਿਤ ਪਟਿਆਲਾ ਜ਼ਿਲੇ ਦੇ ਵੱਖ-ਵੱਖ ਪਿੰਡਾਂ, ਸਕੂਲਾਂ, ਕਾਲਜਾ ਵਿਖੇ ਨਸ਼ਿਆਂ ਵਿਰੋਧੀ ਸੈਮੀਨਾਰ ਰੈਲੀਆਂ ਕਰਵਾ ਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਹੁਣ ਤੱਕ ਇਕ ਸਾਲ 'ਚ 350 ਤੋਂ ਉੱਪਰ ਸੈਮੀਨਾਰ ਕਰਵਾਏ ਜਾ ਚੁੱਕੇ ਹਨ।